ਪੰਜਾਬ ਲਲਿਤ ਕਲਾ ਅਕਾਦਮੀ
Punjab Lalit Kala Akademi

ਪੰਜਾਬ ਕਲਾ ਭਵਨ, ਰੋਜ਼ ਗਾਰਡਨ, ਸੈਕਟਰ 16-ਬੀ, ਚੰਡੀਗੜ੍ਹ 160016

ਫੋਨ: 0172-2771472

ਈ-ਮੇਲ: plkapunjab@gmail.com www.lalitkalaakademipunjab.com

# ਸਲਾਨਾ ਕਲਾ ਪ੍ਰਦਰਸ਼ਨੀ - 2019

ਪ੍ਰਦਰਸ਼ਨੀ ਲਈ ਕਲਾ ਕ੍ਰਿਤੀਆਂ ਭੇਜਣ ਲਈ ਸੱਦਾ ਪੱਤਰ/ਦਾਖ਼ਲਾ ਫਾਰਮ

# ਪ੍ਰਾਸਪੈਕਟਸ

## ਕਿਰਪਾ ਕਰਕੇ ਫਾਰਮ ਨੂੰ ਧਿਆਨ ਨਾਲ ਪੜ੍ਹਿਆ ਜਾਵੇ।

## ਕੰਮ ਜਮ੍ਹਾਂ ਕਰਵਾਉਣ ਦੀ ਮਿਤੀ : 1 ਤੋਂ 17 ਫਰਵਰੀ 2019, ਸਮਾਂ 11.00 ਵਜੇ ਤੋਂ 5.00 ਵਜੇ ਤੱਕ

(ਨੋਟ: ਮੌਲਿਕ ਕਲਾਕ੍ਰਿਤਾਂ ਬੇਨਤੀ ਪੱਤਰ (ਫਾਰਮ) ਦੇ ਨਾਲ ਜਮ੍ਹਾਂ ਕਰਵਾਈਆਂ ਜਾਣ)

## ਉਪਰ ਦਿੱਤੀਆਂ ਮਿਤੀਆਂ ਅਨੁਸਾਰ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਦਫ਼ਤਰ ਖੁੱਲ੍ਹਾ ਹੋਵੇਗਾ

ਪੰਜਾਬ ਲਲਿਤ ਕਲਾ ਅਕਾਦਮੀ ਵੱਲੋਂ ਸਾਲ 2019 ਦੀ ਸਲਾਨਾ ਕਲਾ ਪ੍ਰਦਰਸ਼ਨੀ ਪ੍ਰਤਿਯੋਗਤਾ ਵਿਚ ਭਾਗ ਲੈਣ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਪ੍ਰਦਰਸ਼ਨੀ ਵਿੱਚ ਲਲਿਤ ਕਲਾਵਾਂ ਦੇ ਵੱਖ-ਵੱਖ ਸਰੂਪ- ਚਿੱਤ੍ਰਕਾਰੀ, ਰੇਖਾਚਿੱਤ੍ਰਕਾਰੀ, ਸ਼ਿਲਪਕਾਰੀ,, ਛਾਪਾਕਲਾ ( ਗਰਾਫਿਕਸ/ਪ੍ਰਿੰਟ ਮੇਕਿੰਗ) ਮਿਸ਼੍ਰਿਤ ਮਾਧਿਅਮ ( ਮਿਕਸ ਮੀਡੀਆ), ਫੋਟੋਗਰਾਫੀ, ਇੰਨਸਟ:ਲੇਸ਼ਨ ਅਤੇ ਵੀਡੀਓ ਇੰਨਸਟ:ਲੇਸ਼ਨ ਸ਼ਾਮਿਲ ਹੋਣਗੇ।

## ਪ੍ਰਦਰਸ਼ਨੀ ਲਈ ਨਿਯਮ ਹੇਠ ਲਿਖੇ ਅਨੁਸਾਰ ਹੋਣਗੇ-

## ਯੋਗਤਾ

**ਸ਼ਰੇਣੀ - 1 (ਪੇਸ਼ੇਵਰ ਸ਼ਰੇਣੀ):-** ਪੰਜਾਬ ਅਤੇ ਚੰਡੀਗੜ੍ਹ ਵਿਚ ਰਹਿਣ ਵਾਲੇ ਕਲਾਕਾਰ ਹੀ ਇਸ ਪ੍ਰਦਰਸ਼ਨੀ ਅਤੇ ਮੁਕਾਬਲੇ ਲਈ ਯੋਗ ਹੋਣਗੇ। ਹਿੱਸਾ ਲੈਣ ਵਾਲੇ ਨੂੰ ਘੱਟੋ ਘੱਟ 1 ਫਰਵਰੀ 2018 ਜਾਂ ਇਸ ਤੋਂ ਪਹਿਲਾਂ ਤੋਂ ਪੰਜਾਬ ਅਤੇ ਚੰਡੀਗੜ੍ਹ ਦਾ ਵਸਨੀਕ ਹੋਣਾ ਜ਼ਰੂਰੀ ਹੈ। ਜਿਹੜੇ 1 ਫਰਵਰੀ 2018 ਤੋਂ ਬਾਅਦ ਵਸਨੀਕ ਬਣੇ ਹਨ ਇਸ ਮੁਕਾਬਲੇ ਲਈ ਯੋਗ ਨਹੀਂ ਹੋਣਗੇ। ਕਲਾਕਾਰ ਜੋ ਪੰਜਾਬ ਅਤੇ ਚੰਡੀਗੜ੍ਹ ਵਿਚ 1 ਫਰਵਰੀ 2018 ਤੋਂ ਬਾਅਦ ਨੌਕਰੀ ਕਰ ਰਹੇ ਹਨ ਜਾਂ ਪਹਿਲਾਂ ਤੋਂ ਕਰ ਰਹੇ ਸਨ, ਨੂੰ ਵੀ ਵਸਨੀਕ ਦੇ ਤੌਰ 'ਤੇ ਮੰਨਿਆ ਜਾਵੇਗਾ ਅਤੇ ਹਿੱਸਾ ਲੈਣ ਲਈ ਯੋਗ ਮੰਨਿਆ ਜਾਵੇਗਾ। ਕਲਾਕਾਰਾਂ ਨੂੰ ਤਸਦੀਕ ਕਰਨਾ ਪਵੇਗਾ ਕਿ ਉਹ ਘੱਟੋ-ਘੱਟ 1 ਫਰਵਰੀ 2018 ਤੋਂ ਉਹਨਾਂ ਦੁਆਰਾ ਦਿੱਤੇ ਵੇਰਵੇ ਅਨੁਸਾਰ ਉਸੇ ਸਥਾਨ ਦੇ ਹੀ ਵਸਨੀਕ ਹਨ ਅਤੇ ਉਹ ਪੰਜਾਬ ਅਤੇ ਚੰਡੀਗੜ੍ਹ ਨੂੰ ਛੱਡ ਕੇ ਕਿਸੇ ਵੀ ਹੋਰ ਸ਼ਹਿਰ ਦੇ ਵਸਨੀਕ ਨਹੀਂ ਹਨ। ਕਲਾਕਾਰ ਨੂੰ ਤਸਦੀਕ ਕਰਨਾ ਹੋਵੇਗਾ ਕਿ ਉਹ 1 ਫਰਵਰੀ 2018 ਤੋਂ ਪੰਜਾਬ ਅਤੇ ਚੰਡੀਗੜ੍ਹ ਨੂੰ ਛੱਡ ਕੇ ਕਿਤੇ ਹੋਰ ਨੌਕਰੀ ਨਹੀਂ ਕਰ ਰਹੇ ਹਨ - ਨਾ ਹੀ ਰੈਗੂਲਰ ਜਾਂ ਠੇਕੇ 'ਤੇ, ਨਾ ਅਸਥਾਈ ਆਧਾਰ 'ਤੇ, ਨਾ ਐਡਹਾਕ, ਨਾ ਪਾਰਟ-ਟਾਈਮ, ਨਾ ਤਾਂ ਸਰਕਾਰ ਵਿੱਚ ਅਤੇ ਨਾ ਹੀ ਪ੍ਰਾਈਵੇਟ ਸੰਗਠਨ ਅਤੇ ਅਦਾਰੇ ਵਿੱਚ।

**ਸ਼ਰੇਣੀ - 2 (ਵਿਦਿਆਰਥੀ ਸ਼ਰੇਣੀ):-** ਪੰਜਾਬ ਅਤੇ ਚੰਡੀਗੜ੍ਹ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹ ਰਹੇ ਰੈਗੂਲਰ ਕਲਾਕਾਰ ਵਿਦਿਆਰਥੀ ਭਾਗ ਲੈ ਸਕਦੇ ਹਨ। ਜਿਹੜੇ ਵਿਦਿਆਰਥੀ ਸਿਰਫ ਕਾਰਸਪੌਂਡੈਂਸ ਪੜ੍ਹਾਈ ਕਰ ਰਹੇ ਹਨ ਉਹ ਇਸ ਵਿੱਚ ਭਾਗ ਨਹੀਂ ਲੈ ਸਕਦੇ।

(ਨੋਟ:- ਇਸ ਪ੍ਰਦਰਸ਼ਨੀ ਲਈ ਵਿਦਿਆਰਥੀ ਸ਼੍ਰੇਣੀ ਵਿੱਚ ਭਾਗ ਲੈਣ ਵਾਲੇ ਕਲਾਕਾਰ ਦੀ ਉਮਰ 1 ਫਰਵਰੀ 2019 ਨੂੰ 18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ।)

## ਪੁਰਸਕਾਰ

**ਸ਼੍ਰੇਣੀ -1 (ਪੇਸ਼ੇਵਰ ਸ਼੍ਰੇਣੀ):-** 50,000/- ਰੁਪਏ ਦੇ ਤਿੰਨ ਬਰਾਬਰ ਦੇ ਪੁਰਸਕਾਰ।

**ਸ਼੍ਰੇਣੀ - 2 (ਵਿਦਿਆਰਥੀ ਸ਼੍ਰੇਣੀ):-** 25,000/- ਰੁਪਏ ਦੇ ਪੰਜ ਬਰਾਬਰ ਦੇ ਪੁਰਸਕਾਰ।

## ਕਲਾ ਪ੍ਰਦਰਸ਼ਨੀ ਵਿੱਚ ਭਾਗ ਲੈਣ ਲਈ ਮਾਪਦੰਡ:-

- ਪੇਸ਼ੇਵਰ ਸ਼੍ਰੇਣੀ ਅਤੇ ਵਿਦਿਆਰਥੀ ਸ਼੍ਰੇਣੀ ਵਿੱਚ ਭਾਗ ਲੈਣ ਵਾਲੇ ਕਲਾਕਾਰ ਆਪਣੀ ਮੌਲਿਕ ਕਲਾ ਕ੍ਰਿਤ ਦੇ ਸਮੇਤ ਉਸ ਦੀਆਂ 5X7 ਇੰਚ ਦੀਆਂ ਫੋਟੋਗ੍ਰਾਫਸ ਜਮ੍ਹਾਂ ਕਰਵਾਉਣਗੇ ਅਤੇ ਇਸਦੇ ਨਾਲ ਤਿੰਨ ਹੋਰ ਕਲਾ ਕ੍ਰਿਤਾਂ ਦੀਆਂ 8X12 ਇੰਚ ਦੀਆਂ ਫੋਟੋਗ੍ਰਾਫਸ ਵੀ ਜਮ੍ਹਾਂ ਕਰਵਾਉਣਗੇ ਤਾਂ ਕਿ ਅਵਾਰਡ ਦੀ ਚੋਣ ਵੇਲੇ, ਭਾਗ ਲੈਣ ਵਾਲੇ ਕਲਾਕਾਰਾਂ ਦੇ ਕੰਮ ਦੀ ਪਰਖ਼ ਚੰਗੀ ਤਰਾਂ ਕੀਤੀ ਜਾ ਸਕੇ। ਭਾਗ ਲੈਣ ਵਾਲੇ ਕਲਾਕਾਰ ਇਸਦੇ ਨਾਲ ਆਪਣਾ ਇਕ ਪਾਸਪੋਰਟ ਆਕਾਰ ਦਾ ਫੋਟੋਗ੍ਰਾਫ ਅਤੇ ਪ੍ਰਿੰਟਿਡ ਬਾਇਓਡੇਟਾ ਜਮ੍ਹਾਂ ਕਰਵਾਉਣਗੇ।

- ਕਲਾ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਸਤੇ ਕਲਾਕਾਰ ਆਪਣਾ ਇਕ ਮੌਲਿਕ ਕੰਮ ਅਤੇ ਤਿੰਨ ਹੋਰ ਕਲਾ ਕ੍ਰਿਤਾਂ ਦੇ ਫੋਟੋਗ੍ਰਾਫਸ ਜਮ੍ਹਾਂ ਕਰਾ ਸਕਦੇ ਹਨ ਪਰ ਜਿਹੜੇ ਕਲਾਕਾਰਾਂ ਨੇ ਸਿਰਫ ਇਕ ਮੌਲਿਕ (ਓਰਿਜਨਲ) ਕੰਮ ਜਮ੍ਹਾਂ ਕਰਵਾਇਆ ਹੋਵੇਗਾ ਉਹ ਅਵਾਰਡ ਲੈਣ ਦਾ ਹੱਕਦਾਰ ਨਹੀਂ ਹੋਵੇਗਾ। ਸਿਰਫ ਮੌਲਿਕ ਕੰਮ ਹੀ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਅਤੇ ਪੁਰਸਕਾਰ ਯੋਗ ਹੋਣਗੇ। ਇਸ ਦੇ ਨਾਲ ਕਲਾਕਾਰਾਂ ਤੋਂ ਜਿਹੜੇ 8X12 ਇੰਚ ਦੇ ਤਿੰਨ ਹੋਰ ਕੰਮਾਂ ਦੇ ਫੋਟੋਗ੍ਰਾਫਸ ਲਏ ਜਾਣਗੇ ਉਹ ਜਿਊਰੀ ਮੈਂਬਰਾਂ ਵਾਸਤੇ ਰੈਫਰੈਂਸ ਤੌਰ 'ਤੇ ਇਸਤੇਮਾਲ ਕੀਤੇ ਜਾਣਗੇ ਤਾਂ ਕਿ ਕਲਾਕਾਰਾਂ ਦੇ ਕੰਮਾਂ ਦਾ ਸਹੀ ਮੁਲਾਂਕਣ ਕੀਤਾ ਜਾ ਸਕੇ। ਕਲਾਕਾਰ ਘੱਟੋ-ਘੱਟ 1 ਅਤੇ ਵੱਧ ਤੋਂ ਵੱਧ 4 ਮੌਲਿਕ ਕਲਾ ਕ੍ਰਿਤਾਂ ਜਮ੍ਹਾਂ ਕਰਵਾ ਸਕਦੇ ਹਨ, ਜੇ ਦੋ ਤੋਂ ਘੱਟ ਮੌਲਿਕ ਕਲਾ ਕ੍ਰਿਤਾਂ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ ਤਾਂ ਅਜਿਹੇ ਭਾਗੀਦਾਰ ਨੂੰ ਪੁਰਸਕਾਰ ਵਾਸਤੇ ਯੋਗ ਨਹੀਂ ਮੰਨਿਆ ਜਾਵੇਗਾ। ਹਾਲਾਂਕਿ ਦੋ ਤੋਂ ਵੱਧ ਮੌਲਿਕ ਕਲਾਕ੍ਰਿਤਾਂ ਜਮਾਂ ਕਰਵਾਉਣ ਵਾਲੇ ਨੂੰ ਨੁਮਾਇਸ਼ ਵਿੱਚ ਭਗੀਦਾਰੀ ਵਾਸਤੇ ਯੋਗ ਮੰਨਿਆ ਜਾਵੇਗਾ।

## ਦਾਖ਼ਲਾ ਫ਼ੀਸ

- **ਪੇਸ਼ੇਵਰ ਸ਼੍ਰੇਣੀ:** ਹਰੇਕ ਮੌਲਿਕ ਕੰਮ ਦੇ ਲਈ 500/- ਰੁਪਏ ਪ੍ਰਤੀ ਕਲਾ ਕ੍ਰਿਤ ਫ਼ੀਸ ਹੋਵੇਗੀ ਅਤੇ ਨਾਲ ਦਿੱਤੇ ਹੋਏ ਫੋਟੋਗ੍ਰਾਫਸ ਵਾਸਤੇ ਕੋਈ ਫ਼ੀਸ ਨਹੀਂ ਹੋਵੇਗੀ।
- **ਵਿਦਿਆਰਥੀ ਸ਼੍ਰੇਣੀ:** ਹਰੇਕ ਮੌਲਿਕ ਕੰਮ ਦੇ ਲਈ 200/- ਰੁਪਏ ਪ੍ਰਤੀ ਕਲਾ ਕ੍ਰਿਤ ਫ਼ੀਸ ਹੋਵੇਗੀ ਅਤੇ ਨਾਲ ਦਿੱਤੇ ਹੋਏ ਫੋਟੋਗ੍ਰਾਫਸ ਵਾਸਤੇ ਕੋਈ ਫ਼ੀਸ ਨਹੀਂ ਹੋਵੇਗੀ।
- **ਦਾਖਲਾ ਫੀਸ:** ਅਪਾਹਜਤਾ ਸਰਟੀਫਿਕੇਟ ਦੀ ਤਸਦੀਕ ਕਾਪੀ ਜਮ੍ਹਾਂ ਕਰਨ ਦੇ ਨਾਲ ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਲਈ ਦਾਖਲਾ ਫੀਸ ਤੋਂ ਛੋਟ ਹੈ।

ਕਲਾਕਾਰ ਆਪਣੇ ਵਧ ਤੋਂ ਵੱਧ ਚਾਰ ਮੌਲਿਕ ਕੰਮ ਜਮ੍ਹਾਂ ਕਰਾ ਸਕਦਾ ਹੈ ਅਤੇ ਇਸ ਦੇ ਨਾਲ ਉਸਨੂੰ ਆਪਣੇ ਤਿੰਨ ਹੋਰ ਕੰਮਾਂ ਦੀਆਂ 8X12 ਇੰਚ ਦੀਆਂ ਫੋਟੋਗ੍ਰਾਫਸ ਜਮ੍ਹਾਂ ਕਰਵਾਉਣਾ ਜ਼ਰੂਰੀ ਹੋਵੇਗਾ। ਜਿਹੜੇ ਕਲਾਕਾਰ ਕਲਾ ਪ੍ਰਦਰਸ਼ਨੀ ਵਿੱਚ ਸਕਲਪਚਰ ਜਾਂ ਇਸਟਾਲੇਸ਼ਨ ਜਮ੍ਹਾਂ ਕਰਵਾਉਣਗੇ ਉਹ ਆਪਣੇ ਜਮ੍ਹਾਂ ਕਰਵਾਏ ਮੌਲਿਕ ਕੰਮਾਂ ਦੀਆਂ ਤਿੰਨ ਵੱਖ ਵੱਖ ਕੋਣਾਂ ਦੀਆਂ ਫੋਟੋਆਂ ਜਮ੍ਹਾਂ ਕਰਵਾਉਣ। ਇਸ ਦੇ ਨਾਲ-ਨਾਲ ਉਹ ਤਿੰਨ ਹੋਰ ਕੰਮਾਂ ਦੀਆਂ 8X12 ਇੰਚ ਦੀਆਂ ਫੋਟੋਆਂ ਵੀ ਜਮ੍ਹਾਂ ਕਰਵਾਉਣਗੇ।

## ਸਾਈਜ਼: ਆਕਾਰ

- ਪੇਂਟਿੰਗ/ਡਰਾਇੰਗ/ਗਰਾਫਿਕਸ (ਪਰਿੰਟ ਮੇਕਿੰਗ)/ਫੋਟੋਗ੍ਰਾਫਸ/ਮਲਟੀਮੀਡੀਆ ਵਿੱਚ ਬਣੀਆਂ ਕਲਾ ਕ੍ਰਿਤਾਂ ਦਾ ਆਕਾਰ 6X6 ਫੁੱਟ ਤੋਂ ਵੱਧ ਨਹੀਂ ਹੋਣਾ ਚਾਹੀਦਾ (ਫਰੇਮ ਇਤਿਆਦਿ ਮਿਲਾ ਕੇ)।
- ਇਸਟ:ਲੇਸ਼ਨ ਵਾਸਤੇ 6X6X6 ਫੁੱਟ ਤੋਂ ਵੱਧ ਨਾਪ ਨਹੀਂ ਹੋਣਾ ਚਾਹੀਦਾ (ਸਭ ਕੁੱਝ ਮਿਲਾ ਕੇ)।
- ਸਕਲਪਚਰ ਵਾਸਤੇ: 5X5X5 ਫੁੱਟ ਤੋਂ ਵੱਧ ਨਾਪ ਨਹੀਂ ਹੋਣਾ ਚਾਹੀਦਾ (ਸਭ ਕੁੱਝ ਮਿਲਾ ਕੇ)।
- ਜਿਹੜੀਆਂ ਕਲਾ ਕ੍ਰਿਤਾਂ ਨੂੰ ਪੰਜਾਬ ਲਲਿਤ ਕਲਾ ਅਕਾਦਮੀ ਵੱਲੋਂ ਪੁਰਸਕਾਰ ਮਿਲ ਚੁੱਕਿਆ ਹੈ ਜਾਂ ਕਿਸੇ ਹੋਰ ਅਦਾਰੇ/ਸੰਸਥਾਂ ਵੱਲੋਂ ਪੁਰਸਕਾਰ ਮਿਲ ਚੁੱਕਿਆ ਹੈ, ਉਨ੍ਹਾਂ ਕਲਾ ਕ੍ਰਿਤਾਂ ਨੂੰ ਪੁਰਸਕਾਰ ਨਹੀਂ ਦਿੱਤਾ ਜਾਵੇਗਾ। ਕਲਾਕਾਰ ਆਪਣਾ ਜਿਹੜਾ ਕੰਮ ਅਕਾਦਮੀ ਵਿੱਚ ਜਮ੍ਹਾਂ ਕਰਵਾਉਣਗੇ ਉਹ ਕਲਾ ਕ੍ਰਿਤ ਉਨ੍ਹਾਂ ਦੀ ਆਪਣੀ ਬਣਾਈ ਅਤੇ ਮੌਲਿਕ ਸ੍ਰਿਸ਼ਟੀ ਹੋਣੀ ਚਾਹੀਦੀ ਹੈ ਅਤੇ ਉਹ ਕਲਾ ਕ੍ਰਿਤ 1 ਫਰਵਰੀ 2016 ਤੋਂ ਪਹਿਲਾਂ ਦੀ ਨਾ ਬਣੀ ਹੋਵੇ।
- ਕੰਮ ਵਧੀਆ ਢੰਗ ਨਾਲ ਫਰੇਮ ਕੀਤੇ ਹੋਣੇ ਚਾਹੀਦੇ ਹਨ।
- ਨਾਜੁਕ ਪਦਾਰਥਾਂ ਨਾਲ ਬਣੇ ਹੋਏ ਸਕਲਪਚਰ ਜਾਂ ਹੋਰ ਕਲਾ ਕ੍ਰਿਤਾਂ ਅਕਾਦਮੀ ਕੇਵਲ ਇਸ ਸ਼ਰਤ ਉੱਪਰ ਸਵੀਕਾਰ ਕਰੇਗੀ ਕਿ ਉਹ ਚੰਗੀ ਤਰ੍ਹਾਂ ਬਕਸੇ ਅੰਦਰ ਸੰਭਾਲ ਕੇ ਰੱਖੇ ਹੋਣ। ਕਿਸੇ ਵੀ ਕਿਸਮ ਦੀ ਟੁੱਟ ਭੱਜ ਦੀ ਜ਼ਿੰਮੇਵਾਰੀ ਕਲਾਕਾਰ ਦੀ ਆਪਣੀ ਹੋਵੇਗੀ।
- ਕਲਾ ਕ੍ਰਿਤਾਂ ਦੀ ਸ਼ਨਾਖ਼ਤ ਲਈ ਕਲਾਕਾਰ ਦਾ ਨਾਂ/ਪਤਾ, ਕੰਮ ਦਾ ਸਿਰਲੇਖ, ਨਾਪ, ਮਾਧਿਅਮ, ਬਣਤਰ ਦਾ ਸਾਲ ਆਦਿ, ਦਰਜ ਕੀਤੀ ਸਲਿੱਪ ਉਪਰ ਲਿਖ ਕੇ, ਜਮ੍ਹਾਂ ਕਰਵਾਏ ਜਾਣ ਵਾਲੇ ਕੰਮ ਦੇ ਪਿਛਲੇ ਪਾਸੇ ਸਹੀ ਢੰਗ ਨਾਲ ਲਾਇਆ ਜਾਵੇ। ਕਲਾਕ੍ਰਿਤਾਂ ਦੇ ਪਿੱਛੇ ਲੇਬਲ ਹੋਣਾ ਲਾਜ਼ਮੀ ਹੈ ਜਿਹਦੇ ਵਿੱਚ ਕਲਾਕ੍ਰਿਤਾਂ ਨਾਲ ਸਬੰਧਿਤ ਸਾਰਾ ਵੇਰਵਾ ਦਰਜ ਹੋਣਾ ਚਾਹੀਦਾ ਹੈ।
- ਜਿਸ ਕਲਾਕਾਰ ਨੂੰ ਪੰਜਾਬ ਲਲਿਤ ਕਲਾ ਅਕਾਦਮੀ ਵੱਲੋਂ ਪਹਿਲਾਂ ਵੀ ਪੁਰਸਕਾਰ ਮਿਲ ਚੁੱਕਿਆ ਹੈ ਉਹ ਦੋਬਾਰਾ ਪੁਰਸਕਾਰ ਲੈਣ ਲਈ ਵੀ ਯੋਗ ਹੋਵੇਗਾ।
- ਇਸ ਸਲਾਨਾ ਕਲਾ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਲੇ ਕਲਾਕਾਰ ਪਰਾਸਪੈਕਟਸ ਦੇ ਹਰ ਪੰਨੇ ਉੱਤੇ ਆਪਣੇ ਨਿੱਜੀ ਦਸਤਖ਼ਤ ਕਰਨਗੇ।

## ਕਲਾ ਕ੍ਰਿਤਾਂ ਦੇ ਬੀਮੇ ਬਾਰੇ:-

ਅਕਾਦਮੀ ਵੱਲੋਂ ਕਲਾਕਾਰਾਂ ਤੋਂ ਪ੍ਰਾਪਤ ਕੀਤੀਆਂ ਕਲਾ ਕ੍ਰਿਤਾ ਦੀ ਸਹਿਜ ਢੰਗ ਨਾਲ ਦੇਖ-ਭਾਲ ਕੀਤੀ ਜਾਵੇਗੀ। ਕਲਾ ਕ੍ਰਿਤਾਂ ਦੀ ਪ੍ਰਦਰਸ਼ਨੀ ਅਤੇ ਸਟੋਰੇਜ ਦੌਰਾਨ ਅਕਾਦਮੀ ਵੱਲੋਂ ਇਨ੍ਹਾਂ ਦੀ ਸਾਂਭ-ਸੰਭਾਲ ਲਈ ਹਰ ਸੰਭਵ ਯਤਨ ਕੀਤੇ ਜਾਣਗੇ, ਪਰ ਇਨ੍ਹਾਂ ਦੀ ਸਟੋਰੇਜ, ਟਰਾਂਸਪੋਰਟੇਸ਼ਨ ਜਾਂ ਪ੍ਰਦਰਸ਼ਨੀ ਦੌਰਾਨ ਕਿਸੇ ਕਿਸਮ ਦੇ ਨੁਕਸਾਨ ਹੋਣ ਦੀ ਸੂਰਤ ਵਿਚ ਅਕਾਦਮੀ ਜ਼ਿੰਮੇਵਾਰ ਨਹੀਂ ਹੋਵੇਗੀ। ਇਸ ਪੱਖ ਵਿੱਚ ਪੂਰਤੀ ਬਾਰੇ ਕਿਸੇ ਵੀ ਵਿਅਕਤੀ ਵੱਲੋਂ ਕੋਈ ਅਰਜ਼ੀ ਨਹੀਂ ਵਿਚਾਰੀ ਜਾਵੇਗੀ।

### ਕਲਾਕਾਰ ਜੇਕਰ ਚਾਹੁਣ ਤਾਂ ਆਪਣੇ ਪੱਧਰ ਤੇ ਆਪਣੀਆਂ ਕਲਾ ਕ੍ਰਿਤਾਂ ਦਾ ਬੀਮਾ ਕਰਵਾ ਸਕਦੇ ਹਨ।

## ਕਲਾ ਕ੍ਰਿਤਾਂ ਦੀ ਵਿੱਕਰੀ ਬਾਰੇ:-

ਜੇਕਰ ਕਲਾਕਾਰ ਚਾਹਵਾਨ ਹੋਵੇ ਤਾਂ ਜਿਹੜੀਆਂ ਕਲਾ ਕ੍ਰਿਤਾਂ ਪ੍ਰਦਰਸ਼ਨੀ ਵਿੱਚ ਲਗਾਈਆਂ ਜਾਣਗੀਆਂ ਉਹ ਵੇਚੀਆਂ ਜਾ ਸਕਦੀਆਂ ਹਨ। ਕਲਾਕਾਰ ਆਪਣੀ ਕਲਾ ਕ੍ਰਿਤ ਦਾ ਮੁੱਲ ਫਾਰਮ ਵਿੱਚ ਜ਼ਰੂਰ ਲਿਖੇ। ਜੇਕਰ ਕਲਾ ਕ੍ਰਿਤ ਦਾ ਮੁੱਲ ਫਾਰਮ ਵਿੱਚ ਨਹੀਂ ਲਿਖਿਆ ਜਾਂਦਾ ਤਾਂ ਇਹ ਸਮਝਿਆ ਜਾਵੇਗਾ ਕਿ ਕਲਾਕਾਰ ਆਪਣੀ ਕਲਾ ਕ੍ਰਿਤ ਨੂੰ ਵੇਚਣ ਦਾ ਚਾਹਵਾਨ ਨਹੀਂ। ਜੇਕਰ ਪ੍ਰਦਰਸ਼ਨੀ ਦੌਰਾਨ ਕੋਈ ਵੀ ਕਲਾ ਕ੍ਰਿਤ ਵਿਕਦੀ ਹੈ ਤਾਂ ਅਕਾਦਮੀ ਕਲਾ ਕ੍ਰਿਤ ਦੇ ਮੁੱਲ ਦੀ 25% ਕਟੌਤੀ ਤੋਂ ਬਾਅਦ ਬਕਾਇਆ ਰਕਮ ਕਲਾਕਾਰ ਨੂੰ ਦੇਵੇਗੀ।

## ਕੰਮਾਂ ਦੀ ਵਾਪਸੀ:-

ਜਿਸ ਕੰਮ ਨੂੰ ਪ੍ਰਦਰਸ਼ਨੀ ਲਈ ਚੁਣ ਲਿਆ ਜਾਵੇਗਾ ਉਹ ਕੰਮ ਪ੍ਰਦਰਸ਼ਨੀ ਦੇ ਖ਼ਤਮ ਹੋਣ ਤੋਂ ਪਹਿਲਾਂ ਵਾਪਿਸ ਨਹੀਂ ਹੋਵੇਗਾ। ਕਲਾਕਾਰ ਪ੍ਰਦਰਸ਼ਨੀ ਦੇ ਖ਼ਤਮ ਹੋਣ ਤੋਂ 30 ਦਿਨਾਂ ਦੇ ਅੰਦਰ ਆਪਣੇ ਕੰਮ ਹਰ ਹਾਲ ਵਿੱਚ ਵਾਪਿਸ ਲੈ ਲੈਣਗੇ। ਨਿਰਧਾਰਿਤ ਸਮੇਂ

ਵਿੱਚ ਵਾਪਿਸ ਨਾ ਲਿਆ ਗਿਆ ਕੰਮ ਅਕਾਦਮੀ ਦੀ ਧਰੋਹਰ ਬਣ ਜਾਵੇਗਾ, ਅਕਾਦਮੀ ਜਿਵੇਂ ਵੀ ਮੁਨਾਸਿਬ ਸਮਝੇਗੀ ਇਹਨਾਂ ਕੰਮਾਂ ਬਾਰੇ ਫ਼ੈਸਲਾ ਕਰ ਸਕੇਗੀ।

## ਜਨਰਲ

- ਸਲਾਨਾ ਕਲਾ ਪ੍ਰਦਰਸ਼ਨੀ 2019 ਵਿੱਚ ਨਿਮੰਤ੍ਰਤ ਹਿੱਸਾ ਹੋਵੇਗਾ। ਪੰਜਾਬ ਅਤੇ ਚੰਡੀਗੜ੍ਹ ਕਲਾ ਜਗਤ ਦੇ ਖੇਤਰ ਵਿੱਚ ਜਾਣੇ-ਪਛਾਣੇ ਕਲਾਕਾਰਾਂ ਦੀਆਂ ਕਲਾ ਕ੍ਰਿਤਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਇਸ ਵਾਸਤੇ ਅਕਾਦਮੀ ਵੱਲੋਂ ਬਣਾਈ ਗਈ ਕਮੇਟੀ ਕਲਾਕਾਰਾਂ ਦੀ ਚੋਣ ਕਰੇਗੀ। ਅਕਾਦਮੀ ਦੇ ਮੈਂਬਰ, ਅਹੁਦੇਦਾਰ, ਕਰਮਚਾਰੀ ਅਤੇ ਨਿਰਣਾਇਕ ਮੰਡਲ ਦੇ ਮੈਂਬਰ ਪ੍ਰਦਰਸ਼ਨੀ ਦੌਰਾਨ ਹੋ ਰਹੀ ਪ੍ਰਤੀਯੋਗਿਤਾ ਵਿੱਚ ਭਾਗ ਨਹੀਂ ਲੈਣਗੇ ਪਰ ਅਕਾਦਮੀ ਦੇ ਸਹਿਯੋਗੀ ਮੈਂਬਰ ਪ੍ਰਤੀਯੋਗਿਤਾ ਵਿੱਚ ਭਾਗ ਲੈ ਸਕਣਗੇ।
- ਵਿਦਿਆਰਥੀ ਕਲਾਕਾਰ ਜੇ ਚਾਹੇ ਤਾਂ ਪੇਸ਼ੇਵਰ ਸ਼੍ਰੇਣੀ ਵਿੱਚ ਭਾਗ ਲੈ ਸਕਦਾ ਹੈ, ਇਕ ਕਲਾਕਾਰ ਇਕ ਸ਼੍ਰੇਣੀ ਵਿੱਚ ਹੀ ਹਿੱਸਾ ਲੈ ਸਕਦਾ ਹੈ। ਗ਼ੈਰ-ਵਿਦਿਆਰਥੀ, ਵਿਦਿਆਰਥੀ ਸ਼੍ਰੇਣੀ ਵਿੱਚ ਹਿੱਸਾ ਨਹੀਂ ਲੈ ਸਕਦੇ।
- ਫਾਰਮ ਸਹੀ ਭਰ ਕੇ ਜਮ੍ਹਾਂ ਕਰਵਾਉਣ ਦੀ ਜ਼ਿੰਮੇਵਾਰੀ ਭਾਗ ਲੈਣ ਵਾਲੇ ਕਲਾਕਾਰ ਦੀ ਹੈ। ਵਿਦਿਆਰਥੀ ਸ਼ਰੇਣੀ ਅਧੀਨ ਜਮ੍ਹਾਂ ਕੀਤੀਆਂ ਜਾ ਰਹੀਆਂ ਕਲਾ ਕ੍ਰਿਤਾਂ ਲਈ, ਵਿਦਿਆਰਥੀ ਜਿਸ ਸੰਸਥਾ ਵਿੱਚ ਪੜ੍ਹ ਰਿਹਾ ਹੈ, ਉਸ ਦੇ ਸਬੰਧਤ ਵਿਭਾਗ ਦੇ ਮੁੱਖੀ ਤੋਂ ਜਾਂ ਉਸ ਦੇ ਪ੍ਰਿੰਸੀਪਲ ਤੋਂ ਵਿਦਿਆਰਥੀ ਦੇ ਪਹਿਚਾਣ ਪੱਤਰ ਨੂੰ ਮੋਹਰ ਅਤੇ ਹਸਤਾਖਰ ਨਾਲ ਤਸਦੀਕ ਕਰਵਾਉਣਾ ਜ਼ਰੂਰੀ ਹੈ। ਜੇਕਰ ਫਾਰਮ ਵਿਚ ਭਾਗੀਦਾਰ ਦੇ ਵੱਲੋਂ ਕੋਈ ਵੀ ਗ਼ਲਤੀ ਹੈ ਤੇ ਫਾਰਮ ਅਧਿਕਾਰੀ ਨੇ ਵੀ ਪ੍ਰਾਪਤ ਕਰ ਕੇ ਸਵੀਕਾਰ ਕਰ ਲਿਆ ਹੈ ਤਾਂ ਵੀ ਅਕਾਦਮੀ ਵੱਲੋਂ ਗਲਤ ਭਰੇ ਫਾਰਮ ਨੂੰ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ ਅਤੇ ਅਕਾਦਮੀ ਨੂੰ ਇਸ ਤਰ੍ਹਾਂ ਦੇ ਫਾਰਮ ਨੂੰ ਰੱਦ ਕਰਨ ਦਾ ਪੂਰਾ ਹੱਕ ਹੋਵੇਗਾ। ਸ਼ਾਇਦ ਫਾਰਮ ਲੈਣ ਵਾਲੇ ਅਧਿਕਾਰੀ ਲਈ ਇਹ ਸੰਭਵ ਨਾ ਹੋਵੇ ਕਿ ਉਹ ਫਾਰਮ ਲੈਣ ਵੇਲੇ ਉਸ ਦੀ ਘੋਖ ਕਰ ਸਕੇ।
- ਦਾਖ਼ਲੇ ਦੀ ਫੀਸ ਦਾ ਸਿਰਫ ਨਗਦ ਭੁਗਤਾਨ ਕੀਤਾ ਜਾ ਸਕਦਾ ਹੈ।
- ਨਿਰਣਾਇਕ ਮੰਡਲ (ਜਿਊਰੀ) ਦਾ ਫ਼ੈਸਲਾ ਅੰਤਿਮ ਫ਼ੈਸਲਾ ਹੋਵੇਗਾ ਅਤੇ ਇਹ ਸਭ ਤੇ ਲਾਗੂ ਹੋਵੇਗਾ, ਇਸ ਵਿਸ਼ੇ ਤੇ ਕਿਸੇ ਵੀ ਵੱਲੋਂ ਕਿਸੇ ਵੀ ਇਤਰਾਜ਼ ਉੱਤੇ ਅਕਾਦਮੀ ਵੱਲੋਂ ਵਿਚਾਰ ਨਹੀਂ ਕੀਤਾ ਜਾਵੇਗਾ।
- ਵਿਦਿਆਰਥੀ ਸ਼ਰੇਣੀ ਅਧੀਨ ਜਮ੍ਹਾਂ ਕੀਤੀਆਂ ਜਾ ਰਹੀਆਂ ਕਲਾ ਕ੍ਰਿਤਾਂ ਲਈ, ਵਿਦਿਆਰਥੀ ਨੂੰ ਆਪਣੇ ਪਹਿਚਾਣ-ਪੱਤਰ ਦੀ ਫੋਟੋ ਕਾਪੀ, ਵਿਭਾਗ ਦੇ ਮੁੱਖੀ ਤੋਂ ਜਾਂ ਉਸ ਸੰਸਥਾ ਦੇ ਪ੍ਰਿੰਸੀਪਲ ਤੋਂ ਤਸਦੀਕ ਕਰਵਾਉਣਾ ਜ਼ਰੂਰੀ ਹੈ ਜਿੱਥੇ ਕਿ ਵਿਦਿਆਰਥੀ ਇਸ ਵੇਲੇ ਪੜ੍ਹ ਰਿਹਾ ਹੈ।
- ਹਰ ਇਕ ਸ਼ਰੇਣੀ ਵਿੱਚ ਭਾਗ ਲੈਣ ਵਾਲੇ ਕਲਾਕਾਰਾਂ ਲਈ ਜਮ੍ਹਾਂ ਕਰਵਾਈ ਹਰ ਇਕ ਮੌਲਿਕ ਕਲਾ ਕ੍ਰਿਤ ਦੇ 5X7 ਇੰਚ ਦੇ ਫੋਟੋਗ੍ਰਾਫਸ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। ਕਲਾ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਸਤੇ ਕਲਾਕਾਰਾਂ ਨੂੰ ਆਪਣੀਆਂ ਮੌਲਿਕ ਕਲਾ ਕ੍ਰਿਤਾਂ ਦੇ 5X7 ਇੰਚ ਦੇ ਜਮ੍ਹਾਂ ਕਰਵਾਏ ਫੋਟੋਗ੍ਰਾਫਸ ਦੇ ਨਾਲ ਨਾਲ ਤਿੰਨ ਹੋਰ ਕਲਾ ਕ੍ਰਿਤਾਂ ਦੇ 8X12 ਇੰਚ ਦੇ ਫੋਟੋਗ੍ਰਾਫਸ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। ਕਲਾਕਾਰ ਦਾ ਪਾਸਪੋਰਟ ਨਾਪ ਦਾ ਫੋਟੋਗ੍ਰਾਫ ਅਤੇ ਬਾਇਓਡੇਟਾ ਦੀ ਕਾਪੀ ਜਮ੍ਹਾਂ ਕਰਵਾਉਣਾ ਵੀ ਜ਼ਰੂਰੀ ਹੈ।
- ਪ੍ਰਦਰਸ਼ਨੀ ਵਿੱਚ ਹਿੱਸਾ ਲੈਣ ਦੇ ਇੱਛਕ ਕਲਾਕਾਰ ਆਪਣੀਆਂ ਕਲਾ ਕ੍ਰਿਤਾਂ ਦੇ ਡਿਜਿਟਲ ਇਮੇਜ ਹਾਈ ਰੈਜ਼ੋਲਿਊਸ਼ਨ (300 ਡੀ.ਪੀ.ਆਈ.) ਅਤੇ ਟਿਫ (TIFF) ਫਾਰਮੈਟ ਵਿੱਚ ਪੈਨਡਰਾਈਵ ਜਾਂ ਸੀ.ਡੀ. ਜਾਂ ਡੀ.ਵੀ.ਡੀ. ਵਿੱਚ ਸੁਰਖਿਅਤ ਕਰਕੇ ਜਮ੍ਹਾਂ ਕਰਵਾਉਣਗੇ। ਕਲਾਕਾਰ ਦੀ ਆਪਣੀ ਤਸਵੀਰ (ਪੋਰਟਰੇਟ) ਕਲਾਕਾਰ ਦਾ ਨਾਂ, ਕਲਾ ਕ੍ਰਿਤ ਦਾ ਸ਼ੀਰਸ਼ਕ, ਨਾਪ, ਮਾਧਿਅਮ, ਕੀਮਤ, ਕਲਾ ਕ੍ਰਿਤ ਬਨਾਉਣ ਦਾ ਸਾਲ, ਪਤਾ ਤੇ ਸੰਖੇਪ ਬਾਇਓਡੇਟਾ ਇਸ ਵਿੱਚ ਸ਼ਾਮਲ ਹੋਣਾ ਲਾਜ਼ਮੀ ਹੈ। ਇਹ ਜਾਣਕਾਰੀ ਅਤੇ ਕਲਾ ਕ੍ਰਿਤਾਂ ਦੇ ਫੋਟੋਗਰਾਫਸ ਕੈਟਲਾਗ ਛਾਪਣ ਜਾਂ ਹੋਰ ਕਿਸੇ ਕਿਸਮ ਦੇ ਪ੍ਰਚਾਰ ਦੇ ਕੰਮ ਆ ਸਕਦੇ ਹਨ। ਕਲਾਕਾਰ ਦੁਆਰਾ ਮੌਕੇ ਤੇ ਦਿੱਤੀ ਪੈਨਡਰਾਇਵ ਵਾਪਸ ਕਰ ਦਿੱਤੀ ਜਾਵੇਗੀ ਪਰ ਸੀ.ਡੀ. ਅਤੇ ਡੀ.ਵੀ.ਡੀ. ਵਾਪਿਸ ਨਹੀਂ ਕੀਤੀ ਜਾਵੇਗੀ ਅਤੇ ਇਸ ਸਿਲਸਿਲੇ ਵਿੱਚ ਕੋਈ ਲਿਖਤ-ਪੜ੍ਹਤ ਮਨਜ਼ੂਰ ਨਹੀਂ ਹੋਵੇਗੀ। ਘੱਟ ਰੈਜ਼ੋਲਿਊਸ਼ਨ ਵਾਲੇ ਫੋਟੋਗਰਾਫਸ ਅਕਾਦਮੀ ਵੱਲੋਂ ਪ੍ਰਵਾਨ ਨਹੀਂ ਕੀਤੇ ਜਾਣਗੇ।

- ਜੇਕਰ ਕੋਈ ਵੀ ਕਲਾਕਾਰ ਅਕਾਦਮੀ ਦੁਆਰਾ ਬਣਾਏ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਭਾਗ ਲੈਣ ਲਈ ਅਯੋਗ ਮੰਨਿਆ ਜਾਵੇਗਾ।
- ਪ੍ਰਦਰਸ਼ਨੀ ਚੰਡੀਗੜ੍ਹ ਵਿਖੇ ਅਪ੍ਰੈਲ - ਜੁਲਾਈ 2019 ਵਿੱਚ ਹੋਵੇਗੀ। ਪ੍ਰਦਰਸ਼ਨੀ ਹੋਰ ਸਥਾਨਾਂ ਵਿਖੇ ਵੀ ਲਿਜਾਈ ਜਾ ਸਕਦੀ ਹੈ।
- ਮੌਕੇ ਦੀ ਮਹੱਤਤਾ ਨੂੰ ਧਿਆਨ ਵਿੱਚ ਰਖਦਿਆਂ ਪੁਰਸਕਾਰ ਸਮਾਰੋਹ ਦੇ ਮੌਕੇ ਤੇ ਪੁਰਸਕਾਰ ਉਸੇ ਕਲਾਕਾਰ ਨੂੰ ਦਿੱਤਾ ਜਾਵੇਗਾ ਜਿਸ ਨੂੰ ਪੁਰਸਕਾਰ ਦੇਣ ਲਈ ਚੁਣਿਆ ਗਿਆ ਹੈ। ਅਤੇ ਕਿਸੇ ਵੀ ਰੂਪ ਵਿਚ ਪਰਿਵਾਰਕ ਮੈਂਬਰ ਜਾਂ ਪ੍ਰਤੀਨਿਧੀ ਨੂੰ ਪੁਰਸਕਾਰ ਨਹੀਂ ਦਿੱਤਾ ਜਾਵੇਗਾ।
- ਇਹ ਪੁਰਸਕਾਰ ਵੰਡਿਆ ਜਾਂ ਸਾਂਝਾ ਨਹੀਂ ਕੀਤਾ ਜਾਵੇਗਾ। ਪੁਰਸਕਾਰ ਦੀ ਰਾਸ਼ੀ ਵੰਡੀ ਨਹੀਂ ਜਾ ਸਕਦੀ। ਕਿਸੇ ਵੀ ਰੂਪ ਵਿੱਚ ਨਿਰਣਾਇਕ ਮੰਡਲ ਦੇ ਕਿਸੇ ਵੀ ਮੈਂਬਰ ਨੂੰ ਪ੍ਰਭਾਵਤ ਕਰਨ ਲਈ ਜਾਂ ਉਸ ਨਾਲ ਸਬੰਧ ਸਥਾਪਿਤ ਕਰਨ ਵਾਲੇ ਨੂੰ ਅਯੋਗ ਮਨਿਆ ਜਾਵੇਗਾ।
- ਫੀਸ, ਦਸਤਾਵੇਜ, ਫੋਟੋਗਰਾਫਸ, ਸੀ.ਡੀ/ਡੀ.ਵੀ.ਡੀ ਵਾਪਿਸ ਨਹੀਂ ਕੀਤੀ ਜਾਵੇਗੀ। ਅਸਲ ਕਲਾ ਕ੍ਰਿਤ ਭਾਗ ਲੈਣ ਵਾਲੇ ਕਲਾਕਾਰ ਨੂੰ ਵਾਪਿਸ ਕਰ ਦਿੱਤੀ ਜਾਵੇਗੀ ਜੇਕਰ ਉਹ ਪ੍ਰਦਰਸ਼ਨੀ ਦੌਰਾਨ ਕਿਸੇ ਵੱਲੋਂ ਖਰੀਦੀ ਨਾ ਗਈ ਹੋਵੇ। ਕਲਾਕਾਰ ਆਪਣੀਆਂ ਕਲਾ ਕ੍ਰਿਤਾਂ ਨੂੰ ਪ੍ਰਦਰਸ਼ਨੀ ਖ਼ਤਮ ਹੋਣ ਮਗਰੋਂ 30 ਦਿਨਾਂ ਦੇ ਅੰਦਰ-ਅੰਦਰ ਅਕਾਦਮੀ ਤੋਂ ਵਾਪਿਸ ਲੈ ਸਕਦਾ ਹੈ।
- ਕਲਾਕਾਰ ਅਤੇ ਕਲਾ ਕ੍ਰਿਤ ਦੀ ਸ਼ਨਾਖ਼ਤ ਲਈ ਉਸ ਦਾ ਨਾਂ/ਪਤਾ, ਕੰਮ ਦਾ ਸਿਰਲੇਖ, ਨਾਪ, ਮਾਧਿਅਮ, ਬਣਤਰ ਦਾ ਸਾਲ ਆਦਿ ਦਰਜ ਕੀਤੀ ਪਰਚੀ ਦੇ ਉਪਰ ਲਿਖਕੇ ਜਮ੍ਹਾਂ ਕੀਤੇ ਜਾਣ ਵਾਲੇ ਕੰਮ ਦੇ ਪਿਛਲੇ ਪਾਸੇ ਸਹੀ ਢੰਗ ਨਾਲ ਲਾਇਆ ਜਾਵੇ
- ਚੁਣੀ ਗਈ ਕਿਸੇ ਵੀ ਕਲਾ ਕ੍ਰਿਤ ਨੂੰ ਕੈਟਾਲਾਗ ਵਿੱਚ ਛਾਪਣ ਲਈ, ਪੋਸਟਰ ਉੱਤੇ, ਇਸ਼ਤਿਹਾਰਾਂ ਵਿੱਚ, ਹੋਰਡਿੰਗ ਉਤੇ ਜਾਂ ਹੋਰ ਦੂਜੇ ਪ੍ਰਚਾਰ ਮਾਧਿਅਮਾਂ ਵਿੱਚ ਇਸਤੇਮਾਲ ਕਰਨ ਦਾ ਅਧਿਕਾਰ ਪੰਜਾਬ ਲਲਿਤ ਕਲਾ ਅਕਾਦਮੀ ਕੋਲ ਰਹੇਗਾ। ਅਕਾਦਮੀ ਇਨ੍ਹਾਂ ਕਲਾ ਕ੍ਰਿਤਾਂ ਨੂੰ ਤੋਹਫੇ ਵਾਸਤੇ ਬਣਾਈਆਂ ਗਈਆਂ ਵਸਤੂਆਂ ਜਿਵੇਂ ਕਿ ਚਾਹ ਕਾਫ਼ੀ ਦੇ ਮੱਘ, ਗਰੀਟਿੰਗ ਕਾਰਡ, ਲਿਫਾਫੇ, ਮਾਊਸ ਪੈਡ, ਸਿਰਾਮਿਕ ਪਲੇਟਾਂ ਅਤੇ ਇਸ ਕਿਸਮ ਦੀਆਂ ਹੋਰ ਯਾਦਗਾਰੀ ਵਸਤੂਆਂ ਬਣਾਉਣ ਲਈ ਵੀ ਇਸਤੇਮਾਲ ਕਰਨ ਦਾ ਅਧਿਕਾਰ ਰੱਖੇਗੀ। ਇਨ੍ਹਾਂ ਕਲਾ ਕ੍ਰਿਤਾਂ ਨੂੰ ਇਲੈਕਟ੍ਰਾਨਿਕ ਮੀਡੀਆ ਵਿੱਚ, ਆਪਣੇ ਵੈਬਸਾਇਟ ਉਪਰ ਅਤੇ ਹੋਰ ਪ੍ਰਚਾਰ ਮਾਧਿਅਮਾਂ ਵਿੱਚ ਇਸਤੇਮਾਲ ਕਰਨ ਦਾ ਅਧਿਕਾਰ ਵੀ ਪੰਜਾਬ ਲਲਿਤ ਕਲਾ ਅਕਾਦਮੀ ਕੋਲ ਹੋਵੇਗਾ।
- ਪੰਜਾਬ ਲਲਿਤ ਕਲਾ ਅਕਾਦਮੀ ਕੋਲ ਕਲਾ ਪ੍ਰਤੀਯੋਗਤਾ ਦੀਆਂ ਸ਼ਰਤਾਂ ਜਾਂ ਪੁਰਸਕਾਰਾਂ ਦੀ ਗਿਣਤੀ ਅਤੇ ਉਹਨਾਂ ਦੀ ਧਨਰਾਸ਼ੀ ਨੂੰ ਬਦਲਣ ਦਾ ਅਧਿਕਾਰ ਹੈ, ਕਿਸੇ ਵੀ ਨਿਯਮ ਦੀ ਵਿਆਖਿਆ ਸਬੰਧੀ ਨਿਰਣਾਇਕ ਮੰਡਲ ਦਾ ਫ਼ੈਸਲਾ ਅੰਤਿਮ ਹੋਵੇਗਾ।
- ਜਿਹੜੇ ਕਲਾਕਾਰ ਕਲਾ ਪ੍ਰਦਰਸ਼ਨੀ ਵਿਚ ਭਾਗ ਲੈਣ ਲਈ ਇੰਸਟ:ਲੇਸ਼ਨ ਜਮ੍ਹਾਂ ਕਰਵਾਉਣਗੇ, ਆਪਣੇ ਕੰਮ ਨੂੰ ਪ੍ਰਦਰਸ਼ਿਤ ਕਰਨ ਦੀ ਜ਼ਿੰਮੇਂਵਾਰੀ ਉਨ੍ਹਾਂ ਦੀ ਆਪਣੀ ਹੋਵੇਗੀ। ਇਸ ਵਾਸਤੇ ਲੋੜੀਂਦੇ ਕਿਸੇ ਵੀ ਹੋਰ ਮਟੀਰੀਅਲ ਜਾਂ ਯੰਤਰਾਂ ਦੇ ਇੰਤਜ਼ਾਮ ਦੀ ਜ਼ਿੰਮੇਂਵਾਰੀ ਵੀ ਕਲਾਕਾਰ ਦੀ ਆਪਣੀ ਹੋਵੇਗੀ।
- ਜੇਕਰ ਨਿਰਣਾਇਕ ਮੰਡਲ ਦੇ ਵਿਚਾਰ ਵਿੱਚ ਪ੍ਰਦਰਸ਼ਨੀ ਲਈ ਆਏ ਅਜਿਹੇ ਕੰਮਾਂ ਦੀ ਗਿਣਤੀ ਘੱਟ ਪਾਈ ਗਈ ਜਿਨ੍ਹਾਂ ਨੂੰ ਪੁਰਸਕਾਰ ਦਿੱਤਾ ਜਾ ਸਕੇ ਤਾਂ ਉਸ ਦੌਰਾਨ ਨਿਰਣਾਇਕ ਮੰਡਲ ਨੂੰ ਪੁਰਸਕਾਰਾਂ ਦੀ ਗਿਣਤੀ ਵਿੱਚ ਕਟੌਤੀ ਕਰਨ ਦਾ ਅਧਿਕਾਰ ਹੋਵੇਗਾ।
- ਅਕਾਦਮੀ ਵੱਲੋਂ ਨਿਰਣਾਇਕ ਮੰਡਲ ਦੁਆਰਾ ਕੀਤੇ ਜਾਣ ਵਾਲੇ ਪੁਰਸਕਾਰਾਂ ਦੇ ਫ਼ੈਸਲੇ ਲਈ ਤਿੰਨ ਪੁਰਸਕਾਰ ਪੇਸ਼ੇਵਰ ਸ਼ਰੇਣੀ ਲਈ ਅਤੇ ਪੰਜ ਪੁਰਸਕਾਰ ਵਿਦਿਆਰਥੀ ਸ਼ਰੇਣੀ ਲਈ ਰੱਖੇ ਗਏ ਹਨ, ਇਹ ਜਿਊਰੀ ਮੈਂਬਰਾਂ ਤੇ ਨਿਰਭਰ ਕਰਦਾ ਹੈ ਕਿ ਉਹ ਲਲਿਤ ਕਲਾਂਵਾਂ ਦੇ ਵੱਖ-ਵੱਖ ਸਰੂਪ ਜਿਵੇਂ ਕਿ (ਪੇਂਟਿੰਗ, ਸਕਲਪਚਰ, ਗਰਾਫਿਕਸ, ਪ੍ਰਿੰਟ-ਮੇਕਿੰਗ, ਮਿਕਸ-ਮੀਡੀਆ, ਫੋਟੋਗਰਾਫੀ, ਡ੍ਰਾਇੰਗ, ਇਨਸਟ:ਲੇਸ਼ਨ ਅਤੇ ਮਲਟੀਮੀਡੀਆ) ਕਲਾ ਕ੍ਰਿਤਾਂ ਨੂੰ ਪੁਰਸਕਾਰ ਦੇ ਯੋਗ ਸਮਝਦੇ ਹਨ ਜਾਂ ਨਹੀਂ। ਕੰਮ ਦੀ ਗੁਣਵੱਤਾ ਨੂੰ ਧਿਆਨ ਵਿੱਚ ਰੱਖਦਿਆਂ ਇਹ ਹੋ ਸਕਦਾ ਹੈ ਕਿ ਕੁਝ ਲਲਿਤ ਕਲਾਵਾਂ ਦੇ ਸਰੂਪਾਂ ਨੂੰ ਪੁਰਸਕਾਰ ਨਾ ਮਿਲ ਸਕੇ ਅਤੇ ਇਹ ਵੀ ਸੰਭਵ ਹੈ ਕਿ ਕਲਾ ਦੇ ਕਿਸੇ ਇਕ ਸਰੂਪ ਵਿੱਚ ਇਕ ਤੋਂ ਵੱਧ ਪੁਰਸਕਾਰ ਦਿੱਤੇ ਜਾਣ।

- ਨਿਰਣਾਇਕ ਮੰਡਲ ਨੂੰ ਨਿਯੁਕਤ ਕਰਨ ਦਾ ਵਿਸ਼ੇਸ਼ ਅਧਿਕਾਰ ਅਕਾਦਮੀ ਕੋਲ ਹੈ ਅਤੇ ਉਹ ਲਲਿਤ ਕਲਾਵਾਂ ਦੇ ਕਿਸੇ ਵੀ ਸਰੂਪ ਦੇ ਪ੍ਰਤੀਨਿਧੀ ਹੋ ਸਕਦੇ ਹਨ- ਚਾਹੇ ਉਹ ਕਲਾਕਾਰ, ਕਲਾ ਇਤਿਹਾਸਕਾਰ, ਕਲਾ ਅਧਿਆਪਕ, ਆਰਕੀਟੈਕਟ ਜਾਂ ਕਲਾ ਆਲੋਚਕ ਹੋਣ। ਇਸ ਵਿਸ਼ੇ 'ਤੇ ਕਿਸੇ ਵੀ ਤਰ੍ਹਾਂ ਦੀ ਪੜਤਾਲ ਜਾਂ ਸ਼ਿਕਾਇਤ ਨੂੰ ਅਕਾਦਮੀ ਵੱਲੋਂ ਨਹੀਂ ਵਿਚਾਰਿਆ ਜਾਵੇਗਾ। ਇਹ ਵੀ ਜ਼ਰੂਰੀ ਨਹੀਂ ਕਿ ਕਲਾ ਦੇ ਹਰੇਕ ਸਰੂਪ ਦੇ ਪ੍ਰਤੀਨਿਧੀ ਨਿਰਣਾਇਕ ਮੰਡਲ ਦਾ ਹਿੱਸਾ ਹੋਣ। ਨਿਰਣਾਇਕ ਮੰਡਲ ਦੇ ਮੈਂਬਰ ਕਿੰਨੇ ਹੋਣਗੇ ਇਹ ਅਧਿਕਾਰ ਵੀ ਅਕਾਦਮੀ ਕੋਲ ਹੋਵੇਗਾ। ਅਕਾਦਮੀ ਨਿਰਣਾਇਕ ਮੰਡਲ ਦੇ ਮੈਂਬਰ ਇਕੋ ਜਾਂ ਇੱਕ ਤੋਂ ਵੱਧ ਨਿਯੁਕਤ ਕਰ ਸਕਦੀ ਹੈ।

- ਪੁਰਸਕਾਰ ਲਈ ਚੁਣੇ ਗਏ ਕਲਾਕਾਰ ਨੂੰ ਰਸੀਦੀ ਕਾਗ਼ਜ਼ 'ਤੇ ਇਕ ਹਲਫ਼ਨਾਮਾ (ਐਫਿਡੈਵਿਟ) ਦੇਣਾ ਹੋਵੇਗਾ ਜੋ ਕਿ ਨੋਟਰੀ ਵੱਲੋਂ ਤਸਦੀਕ ਹੋਣਾ ਲਾਜ਼ਮੀ ਹੈ। ਕਲਾਕਾਰ ਵੱਲੋਂ ਇਹ ਜਿਮੇਂਵਾਰੀ ਲਈ ਜਾਵੇਗੀ ਕਿ ਉਹ ਪੰਜਾਬ ਜਾਂ ਚੰਡੀਗੜ੍ਹ ਦਾ ਵਸਨੀਕ ਹੈ ਜਾਂ ਰੈਗੂਲਰ ਵਿਦਿਆਰਥੀ ਹੈ (ਕੌਰਸਪੌਂਡੇਸ ਕੋਰਸ ਦਾ ਵਿਦਿਆਰਥੀ ਨਹੀਂ)। ਹਲਫ਼ਨਾਮੇ ਵਿੱਚ ਕਲਾਕਾਰ ਦੀ ਜਨਮ ਦੀ ਮਿਤੀ, ਮਾਤਾ/ਪਿਤਾ ਦਾ ਨਾਂ ਤੇ ਘਰ ਦਾ ਪੂਰਾ ਪਤਾ ਟੈਲੀਫੋਨ ਨੰਬਰ ਸਮੇਤ ਸ਼ਾਮਿਲ ਹੋਣਾ ਚਾਹੀਦਾ ਹੈ। ਹਲਫ਼ਨਾਮੇ ਵਿੱਚ ਇਹ ਵੀ ਲਿਖਿਆ ਜਾਣਾ ਜ਼ਰੂਰੀ ਹੈ ਕਿ ਜਮ੍ਹਾਂ ਕੀਤੀ ਗਈ ਕਲਾ ਕ੍ਰਿਤ ਉਸ ਦੀ ਆਪਣੀ ਬਣਾਈ ਮੌਲਿਕ ਕਲਾ ਕ੍ਰਿਤ ਹੈ ਅਤੇ ਇਹ ਵੀ ਕਿ ਇਸ ਕਲਾ ਕ੍ਰਿਤ ਨੂੰ ਇਸ ਤੋਂ ਪਹਿਲਾਂ ਕੋਈ ਪੁਰਸਕਾਰ ਨਹੀਂ ਮਿਲਿਆ ਅਤੇ ਇਸ ਤੋਂ ਪਹਿਲਾਂ ਇਹ ਕਲਾ ਕ੍ਰਿਤ ਕਿਸੇ ਹੋਰ ਜਗ੍ਹਾ ਪ੍ਰਦਰਸ਼ਿਤ ਨਹੀਂ ਕੀਤੀ ਗਈ ਅਤੇ ਇਹ 1 ਫਰਵਰੀ 2016 ਤੋਂ ਬਾਅਦ ਰਚੀ ਗਈ ਹੈ।
- ਭਾਗ ਲੈਣ ਵਾਲੇ ਕਲਾਕਾਰ ਦੁਆਰਾ ਜਮ੍ਹਾਂ ਕਰਵਾਏ ਖ਼ੁਦ ਤਸਦੀਕ ਕੀਤੇ ਹਲਫ਼ਨਾਮੇ ਨੂੰ ਅਕਾਦਮੀ ਇਹ ਮੰਨੇਗੀ ਕਿ ਫਾਰਮ ਵਿੱਚ ਦਿੱਤੀ ਸੂਚਨਾ ਸੱਚ ਹੈ ਜਦ ਤੱਕ ਕਿਸੇ ਦੁਆਰਾ ਪੂਰੇ ਸਬੂਤਾਂ ਨਾਲ ਚੁਣੌਤੀ ਨਾ ਦਿੱਤੀ ਜਾਵੇ ਕਿ ਭਾਗ ਲੈਣ ਵਾਲੇ ਕਲਾਕਾਰ ਨੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਫਾਰਮ ਦੇ ਹੇਠਲੇ ਹਿੱਸੇ ਵਿਚ ਪ੍ਰਦਰਸ਼ਨੀ ਵਿਚ ਭਾਗ ਲੈਣ ਵਾਲੇ ਕਲਾਕਾਰ ਦੇ ਹਸਤਾਖਰ ਮਿਤੀ ਸਮੇਤ ਹੋਣੇ ਲਾਜ਼ਮੀ ਹਨ, ਜੇਕਰ ਫਾਰਮ ਤੇ ਹਸਤਾਖਰ ਨਾ ਹੋਏ ਤਾਂ ਉਸ ਦੀ ਭਾਗੀਦਾਰੀ ਅਤੇ ਫਾਰਮ ਰੱਦ ਕਰ ਦਿੱਤੇ ਜਾਣਗੇ
- ਰੱਦ ਹੋਏ ਫਾਰਮ ਦੀ ਫੀਸ ਵਾਪਿਸ ਨਹੀਂ ਕੀਤੀ ਜਾਵੇਗੀ।

ਪੰਜਾਬ ਲਲਿਤ ਕਲਾ ਅਕਾਦਮੀ
Punjab Lalit Kala Akademi

ਪੰਜਾਬ ਕਲਾ ਭਵਨ, ਰੋਜ਼ ਗਾਰਡਨ, ਸੈਕਟਰ 16-ਬੀ, ਚੰਡੀਗੜ੍ਹ 160016

ਫੋਨ: 0172-2771472

ਈ-ਮੇਲ: plkapunjab@gmail.com   www.lalitkalaakademipunjab.com

# ਸਲਾਨਾ ਕਲਾ ਪ੍ਰਦਰਸ਼ਨੀ - 2019

## ਦਾਖ਼ਲਾ ਫਾਰਮ

ਰਜਿਸਟਰੇਸ਼ਨ ਨੰ:-------------   ਸ਼ਰੇਣੀ- ਪੇਸ਼ੇਵਰ/ਵਿਦਿਆਰਥੀ

(ਦਫ਼ਤਰੀ ਵਰਤੋਂ ਲਈ)

1. ਕਲਾਕਾਰ ਦਾ ਨਾਂ-------------------------------------------------------------------------------

2. ਮਾਤਾ/ਪਿਤਾ ਦਾ ਨਾਂ---------------------------------------------------------------------------

3. ਜਨਮ ਮਿਤੀ---------------ਦਿਨ------------ਮਹੀਨਾ-------------ਸਾਲ--------------------------

4. ਜਨਮ ਸਥਾਨ------------------------------------------------------------------------------------

5. ਰਿਹਾਇਸ਼ ਦਾ ਸਬੂਤ---------------------------------------------------------------------------

6. ਵਿਦਿਅਕ ਯੋਗਤਾ------------------------------------------------------------------------------

7. ਜਿਥੇ ਪੜ੍ਹਾਈ ਕਰ ਰਹੇ ਹੋ ਉਸ ਅਦਾਰੇ ਦਾ ਨਾਮ-----------------------------------------------

-----------------------------------------------------------------------------------------------------------

8. ਚਿੱਠੀ-ਪੱਤਰ ਲਈ ਪਤਾ-------------------------------------------------------------------------

ਸ਼ਹਿਰ ---------------------ਰਾਜ/ਸੂਬਾ--------------------------ਪਿਨ ਕੋਡ--------------------

9. ਫ਼ੋਨ ਨੰਬਰ: ਐਸ.ਟੀ.ਡੀ.ਕੋਡ--------ਟੈਲੀਫ਼ੋਨ-----------------------ਮੋਬਾਈਲ--------------------

ਈ -ਮੇਲ---------------------------------------------------------------------------------------------

10. ਕਲਾ ਕ੍ਰਿਤਾਂ ਦੀ ਗਿਣਤੀ: ਮੌਲਿਕ-----------ਫ਼ੋਟੋਗਰਾਫ 5X7 ਇੰਚ------------8X12ਇੰਚ----------------

ਗਰਾਫ਼ਿਕਸ (ਪ੍ਰਿੰਟ-ਮੇਕਿੰਗ)---------- ਇੰਸਟ:ਲੇਸ਼ਨ----------------ਮਿਕਸ-ਮੀਡੀਆ------------------

| ਲੜੀ ਨੰਬਰ | ਕਲਾ ਕ੍ਰਿਤ ਦਾ ਸਿਰਲੇਖ | ਮਾਧਿਅਮ | ਆਕਾਰ ਇੰਚਾਂ ਵਿਚ | ਬਣਾਉਣ ਦਾ ਸਾਲ | ਕ੍ਰਿਤ ਦਾ ਮੁੱਲ |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |
| 7. | | | | | |

## ਉਚਿਤ ਕਾਲਮ ਤੇ ਟਿਕ ਕਰੋ

ਪ੍ਰਤਿਯੋਗਤਾ ਲਈ------------------------- ਪ੍ਰਤਿਯੋਗਤਾ ਲਈ ਨਹੀਂ------------------------

ਸ਼ਰੇਣੀ-1 (ਪੇਸ਼ੇਵਰ)----------------------- ਸ਼ਰੇਣੀ-2 (ਵਿਦਿਆਰਥੀ)---------------------

ਵੇਚਣ ਲਈ------------------------------ ਵੇਚਣ ਲਈ ਨਹੀ----------------------------

## ਪੇਸ਼ੇਵਰ ਸ਼੍ਰੇਣੀ ਵਿੱਚ ਭਾਗ ਲੈਣ ਵਾਲੇ ਕਲਾਕਾਰ ਵੱਲੋਂ ਹਲਫ਼ੀਆ ਬਿਆਨ

ਮੈਂ ਸਲਾਨਾ ਕਲਾ ਪ੍ਰਦਰਸ਼ਨੀ 2019 ਵਿੱਚ ਭਾਗ ਲੈਣਾ ਚਾਹੁੰਦਾ ਹਾਂ ਜਿਸ ਦਾ ਆਯੋਜਨ ਪੰਜਾਬ ਲਲਿਤ ਕਲਾ ਅਕਾਦਮੀ ਵੱਲੋਂ ਹੋਣਾ ਹੈ ਅਤੇ ਮੈਂ ਅਕਾਦਮੀ ਦੇ ਵਿਚਾਰਾਂ ਅਤੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੀਆਂ ਕਲਾ ਕ੍ਰਿਤਾਂ ਜਮ੍ਹਾਂ ਕਰਵਾ ਰਿਹਾ/ਰਹੀ ਹਾਂ। ਮੈਂ ਪ੍ਰਦਰਸ਼ਨੀ ਵਿੱਚ ਭਾਗ ਲੈਣ ਲਈ ਪਰਾਸਪੈਕਟਸ ਵਿੱਚ ਦਿੱਤੇ ਅਕਾਦਮੀ ਦੇ ਸਾਰੇ ਨਿਯਮ ਪੜ੍ਹ ਲਏ ਹਨ। ਮੈਂ ਇਹ ਤਸਦੀਕ ਕਰਦਾ/ ਕਰਦੀ ਹਾਂ ਕਿ ਮੇਰੇ ਦੁਆਰਾ ਜਮ੍ਹਾਂ ਕਰਵਾਈਆਂ ਜਾਣ ਵਾਲੀ/ਵਾਲੀਆਂ, ਕਲਾ ਕ੍ਰਿਤ/ਕਲਾ ਕ੍ਰਿਤਾਂ, ਮੇਰੀ/ਮੇਰੀਆਂ, ਆਪਣੀ/ਆਪਣੀਆਂ ਬਣਾਈਆਂ ਹੋਈਆਂ ਹਨ ਜਿਸ ਨੂੰ ਇਸ ਤੋਂ ਪਹਿਲਾਂ ਕੋਈ ਪੁਰਸਕਾਰ ਨਹੀਂ ਮਿਲਿਆ ਅਤੇ ਨਾ ਹੀ ਕਿਸੇ ਪ੍ਰਦਰਸ਼ਨੀ ਜਾਂ ਕਲਾ ਮੁਕਾਬਲੇ ਵਿੱਚ ਪ੍ਰਦਰਸ਼ਿਤ ਹੋਈਆਂ ਹਨ ਅਤੇ ਹਰੇਕ ਕਲਾ ਕ੍ਰਿਤ ਮੇਰੇ ਦੁਆਰਾ 31.01.2016 ਤੋਂ ਬਾਅਦ ਬਣਾਈ ਗਈ ਹੈ। ਮੈਂ ਇਹ ਵੀ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ/ਚੰਡੀਗੜ੍ਹ ਵਿੱਚ (ਘੱਟੋ-ਘੱਟ 1 ਫਰਵਰੀ 2018 ਜਾਂ ਇਸ ਤੋਂ ਪਹਿਲਾਂ) ਅਤੇ ਉਪਰ ਦਿੱਤੇ ਸ਼ਹਿਰ ਦਾ ਵਾਸੀ ਹਾਂ ਅਤੇ ਪੰਜਾਬ ਅਤੇ ਚੰਡੀਗੜ੍ਹ ਨੂੰ ਛੱਡ ਕੇ ਕਿਸੇ ਵੀ ਹੋਰ ਸ਼ਹਿਰ ਦੇ ਵਸਨੀਕ ਹੋਣ ਦਾ ਲਾਭ ਨਹੀਂ ਲੈ ਰਿਹਾ/ਰਹੀ। ਮੈਂ ਇਹ ਵੀ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ 1 ਫਰਵਰੀ 2018 ਤੋਂ ਪੰਜਾਬ ਅਤੇ ਚੰਡੀਗੜ੍ਹ ਨੂੰ ਛੱਡ ਕੇ ਕਿਤੇ ਹੋਰ ਨੌਕਰੀ ਨਹੀਂ ਕਰ ਰਿਹਾ/ਰਹੀ - ਨਾ ਹੀ ਰੈਗੂਲਰ ਜਾਂ ਠੇਕੇ 'ਤੇ, ਨਾ ਅਸਥਾਈ ਆਧਾਰ 'ਤੇ, ਨਾ ਐਡਹੌਕ, ਨਾ ਪਾਰਟ ਟਾਈਮ, ਨਾ ਤਾਂ ਸਰਕਾਰ ਵਿੱਚ ਅਤੇ ਨਾ ਹੀ ਪ੍ਰਾਈਵੇਟ ਸੰਗਠਨ ਅਤੇ ਅਦਾਰੇ ਵਿੱਚ।

## ਵਿਦਿਆਰਥੀ ਸ਼੍ਰੇਣੀ ਵਿੱਚ ਭਾਗ ਲੈਣ ਵਾਲੇ ਕਲਾਕਾਰ ਵੱਲੋਂ ਹਲਫ਼ੀਆ ਬਿਆਨ

ਮੈਂ ਸਲਾਨਾ ਕਲਾ ਪ੍ਰਦਰਸ਼ਨੀ 2019 ਵਿੱਚ ਭਾਗ ਲੈਣਾ ਚਾਹੁੰਦਾ/ਚਾਹੁੰਦੀ ਹਾਂ ਜਿਸ ਦਾ ਆਯੋਜਨ ਪੰਜਾਬ ਲਲਿਤ ਕਲਾ ਅਕਾਦਮੀ ਵੱਲੋਂ ਹੋਣਾ ਹੈ ਅਤੇ ਮੈਂ ਅਕਾਦਮੀ ਦੇ ਵਿਚਾਰਾਂ ਅਤੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੀਆਂ ਕਲਾ ਕ੍ਰਿਤਾਂ ਜਮ੍ਹਾਂ ਕਰਵਾ ਰਿਹਾ/ਰਹੀ ਹਾਂ। ਮੈਂ ਪ੍ਰਦਰਸ਼ਨੀ ਵਿੱਚ ਭਾਗ ਲੈਣ ਲਈ ਪਰਾਸਪੈਕਟਸ ਵਿੱਚ ਦਿੱਤੇ ਅਕਾਦਮੀ ਦੇ ਸਾਰੇ ਨਿਯਮ ਪੜ੍ਹ ਲਏ ਹਨ। ਮੈਂ ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਮੇਰੇ ਦੁਆਰਾ ਜਮ੍ਹਾਂ ਕਰਵਾਈਆਂ ਜਾਣ ਵਾਲੀ/ਵਾਲੀਆਂ ਕਲਾ ਕ੍ਰਿਤ/ਕਲਾ ਕ੍ਰਿਤਾਂ ਮੇਰੀ/ਮੇਰੀਆਂ ਆਪਣੀ/ਆਪਣੀਆਂ ਬਣਾਈਆਂ ਹੋਈਆਂ ਹਨ ਜਿਸ ਨੂੰ ਇਸ ਤੋਂ ਪਹਿਲਾਂ ਕੋਈ ਪੁਰਸਕਾਰ ਨਹੀਂ ਮਿਲਿਆ ਅਤੇ ਨਾ ਹੀ ਕਿਸੇ ਪ੍ਰਦਰਸ਼ਨੀ ਜਾਂ ਕਲਾ ਮੁਕਾਬਲੇ ਵਿੱਚ ਪ੍ਰਦਰਸ਼ਿਤ ਹਈਆਂ ਹਨ ਅਤੇ ਹਰੇਕ ਕਲਾ ਕ੍ਰਿਤ ਮੇਰੇ ਦੁਆਰਾ 30.01.2016 ਤੋਂ ਬਾਅਦ ਬਣਾਈ ਗਈ ਹੈ। ਮੈਂ ਇਹ ਵੀ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ/ਚੰਡੀਗੜ੍ਹ ਵਿੱਚ ਘੱਟੋ-ਘੱਟ 1 ਫਰਵਰੀ 2018 ਜਾਂ ਇਸ ਤੋਂ ਪਹਿਲਾਂ) ਅਤੇ ਉਪਰ ਦਿੱਤੇ ਸ਼ਹਿਰ ਦਾ/ਦੀ ਵਾਸੀ ਹਾਂ ਅਤੇ ਪੰਜਾਬ ਅਤੇ ਚੰਡੀਗੜ੍ਹ ਨੂੰ ਛੱਡ ਕੇ ਕਿਸੇ ਵੀ ਹੋਰ ਸ਼ਹਿਰ ਦੇ ਵਸਨੀਕ ਹੋਣ ਦਾ ਲਾਭ ਨਹੀਂ ਲੈ ਰਿਹਾ/ਰਹੀ । ਮੇਰੀ ਉਮਰ 18 ਸਾਲ ਤੋਂ ਵੱਧ ਹੈ ਅਤੇ ਮੈਂ ਪੰਜਾਬ/ਚੰਡੀਗੜ੍ਹ ਵਿਚ ਸਥਿਤ ਵਿਦਿਅਕ ਸੰਸਥਾ ਦਾ/ਦੀ ਰੈਗੂਲਰ ਵਿਦਆਰਥੀ/ ਵਿਦਿਆਰਥਣ ਹਾਂ।

ਉਪਰ ਦਿੱਤੀ ਸਾਰੀ ਸੂਚਨਾ ਸਹੀ ਹੈ।

ਸ਼ਹਿਰ: ਕਲਾਕਾਰ ਦੇ ਹਸਤਾਖ਼ਰ

ਮਿਤੀ: ਕਲਾਕਾਰ ਦਾ ਨਾਂ

ਨੋਟ:- ਇਸ ਪ੍ਰਤਿਯੋਗਤਾ ਫਾਰਮ ਦੀ ਫੋਟੋਕਾਪੀ ਕਰਕੇ ਵੀ ਪ੍ਰਤੀਯੋਗਤਾ ਵਿੱਚ ਹਿੰਸਾ ਲੈਣ ਲਈ ਇਸਤੇਮਾਲ ਕੀਤੀ ਜਾ ਸਕਦੀ ਹੈ।

# ਨਿੱਜੀ ਸੂਚਨਾ

ਪਾਸਪੋਰਟ
ਨਾਪ ਦਾ
ਫ਼ੋਟੋਗ੍ਰਾਫ਼
ਚਿਪਕਾਓ

ਨਾਮ------------------------------------------------------------

ਮਾਤਾ/ਪਿਤਾ ਦਾ ਨਾਮ----------------------------------------------------

ਵਿਦਿਅਕ ਯੋਗਤਾ------------------------------------------------------

ਪੇਸ਼ਾ/ਕਿੱਤਾ---------------------------------------------------------

ਜਿਥੇ ਪੜ੍ਹਾਈ ਕਰ ਰਹੇ ਹੋ ਉਸ ਵਿਦਿਅਕ ਅਦਾਰੇ ਦਾ ਨਾਂ (ਕੇਵਲ ਵਿਦਿਆਰਥੀਆਂ ਲਈ)-----------------------

-----------------------------------------------------------------------------

ਜਨਮ ਮਿਤੀ ਅਤੇ ਸਥਾਨ------------------------------------------------------------

ਪੱਕਾ ਪਤਾ--------------------------------------------------------------------

-----------------------------------------------------------------------------

-----------------------------------------------------------------------------

ਫ਼ੋਨ---------------------------- ਮੋਬਾਈਲ--------------------------------------

ਈ ਮੇਲ-----------------------------------------------------------------------

ਮੌਜੂਦਾ ਪਤਾ--------------------------------------------------------------

ਪ੍ਰਦਰਸ਼ਨੀਆਂ- (ਸੋਲੋ ਪ੍ਰਦਰਸ਼ਨੀ)--------------------------------------------------------

(ਸਮੂਹ ਪ੍ਰਦਰਸ਼ਨੀ)--------------------------------------------------------------

-----------------------------------------------------------------------------

ਉਪਲਬਧੀਆਂ----------------------------------------------------------------------------------------

------------------------------------------------

ਸਨਮਾਨ ਅਤੇ ਪੁਰਸਕਾਰ

-----------------------------------------------------------------------------

-----------------------------------------------------------------------------

-----------------------------------------------------------------------------

ਹੋਰ ਕੋਈ ਸੂਚਨਾ------------------------------------------------------------

ਮਿਤੀ--------------

ਸਥਾਨ-------------- ਕਲਾਕਾਰ ਦੇ ਹਸਤਾਖ਼ਰ

ਕਲਾ ਕ੍ਰਿਤੀ ਦੇ ਪਿਛਲੇ ਪਾਸੇ ਚਿਪਕਾਉਣ ਲਈ

## ਪੰਜਾਬ ਲਲਿਤ ਕਲਾ ਅਕਾਦਮੀ

### ਸਲਾਨਾ ਕਲਾ ਪ੍ਰਦਰਸ਼ਨੀ 2019

ਪੇਸ਼ੇਵਰ ਸ਼ਰੇਣੀ

ਵਿਸ਼ਾ------------------------------ਮਾਧਿਅਮ------------------------------------------------------------

ਨਾਪ---------------------------------------------------ਰਚਨਾ ਸਾਲ-------------------------------------

ਕੀਮਤ (ਜੇਕਰ ਹੋਵੇ)-------------------------------------------------------------------------------

ਕਲਾਕਾਰ ਦਾ ਨਾਂ---------------------------------------------ਜਨਮ ਮਿਤੀ---------------------------------

ਪਤਾ----------------------------------------------------------------------------------------------

----------------------------------------------------------------------------------------------------

----------------------------------------------------------------------------------------------------

ਮਿਤੀ------------------------------ਹਸਤਾਖ਼ਰ------------------------------------------------------------

----------------------------------------------------------------------------------------------------

ਕਲਾ ਕ੍ਰਿਤੀ ਦੇ ਪਿਛਲੇ ਪਾਸੇ ਚਿਪਕਾਉਣ ਲਈ

## ਪੰਜਾਬ ਲਲਿਤ ਕਲਾ ਅਕਾਦਮੀ

### ਸਲਾਨਾ ਕਲਾ ਪ੍ਰਦਰਸ਼ਨੀ 2019

ਪੇਸ਼ੇਵਰ ਸ਼ਰੇਣੀ

ਵਿਸ਼ਾ------------------------------ਮਾਧਿਅਮ------------------------------------------------------------

ਨਾਪ---------------------------------------------------ਰਚਨਾ ਸਾਲ-------------------------------------

ਕੀਮਤ (ਜੇਕਰ ਹੋਵੇ)-------------------------------------------------------------------------------

ਕਲਾਕਾਰ ਦਾ ਨਾਂ---------------------------------------------ਜਨਮ ਮਿਤੀ---------------------------------

ਪਤਾ----------------------------------------------------------------------------------------------

----------------------------------------------------------------------------------------------------

----------------------------------------------------------------------------------------------------

ਮਿਤੀ------------------------------ਹਸਤਾਖ਼ਰ------------------------------------------------------------

ਕਲਾ ਕ੍ਰਿਤੀ ਦੇ ਪਿਛਲੇ ਪਾਸੇ ਚਿਪਕਾਉਣ ਲਈ

# ਪੰਜਾਬ ਲਲਿਤ ਕਲਾ ਅਕਾਦਮੀ

## ਸਲਾਨਾ ਕਲਾ ਪ੍ਰਦਰਸ਼ਨੀ 2019

ਪੇਸ਼ੇਵਰ ਸ਼ਰੇਣੀ

ਵਿਸ਼ਾ------------------------------ਮਾਧਿਅਮ------------------------------------------------------------

ਨਾਪ---------------------------------------------------ਰਚਨਾ ਸਾਲ-------------------------------------

ਕੀਮਤ (ਜੇਕਰ ਹੋਵੇ)------------------------------------------------------------------------------

ਕਲਾਕਾਰ ਦਾ ਨਾਂ---------------------------------------------ਜਨਮ ਮਿਤੀ----------------------------------

ਪਤਾ-------------------------------------------------------------------------------------------

-------------------------------------------------------------------------------------------------

-------------------------------------------------------------------------------------------------

ਮਿਤੀ------------------------------ਹਸਤਾਖ਼ਰ-------------------------------------------------------------

-------------------------------------------------------------------------------------------------

ਕਲਾ ਕ੍ਰਿਤੀ ਦੇ ਪਿਛਲੇ ਪਾਸੇ ਚਿਪਕਾਉਣ ਲਈ

ਪੰਜਾਬ ਲਲਿਤ ਕਲਾ ਅਕਾਦਮੀ

ਸਲਾਨਾ ਕਲਾ ਪ੍ਰਦਰਸ਼ਨੀ 2019

ਪੇਸ਼ੇਵਰ ਸ਼ਰੇਣੀ

ਵਿਸ਼ਾ------------------------------ਮਾਧਿਅਮ------------------------------------------------------------

ਨਾਪ---------------------------------------------------ਰਚਨਾ ਸਾਲ-------------------------------------

ਕੀਮਤ (ਜੇਕਰ ਹੋਵੇ)------------------------------------------------------------------------------

ਕਲਾਕਾਰ ਦਾ ਨਾਂ---------------------------------------------ਜਨਮ ਮਿਤੀ----------------------------------

ਪਤਾ-------------------------------------------------------------------------------------------

-------------------------------------------------------------------------------------------------

-------------------------------------------------------------------------------------------------

ਮਿਤੀ------------------------------ਹਸਤਾਖ਼ਰ-------------------------------------------------------------

## ਚੈੱਕ-ਲਿਸਟ

1. ਜਮ੍ਹਾਂ ਕਰਵਾਉਣ ਵਾਲੀਆਂ ਮੌਲਿਕ ਕਲਾ ਕ੍ਰਿਤਾਂ ਦੀ ਗਿਣਤੀ

(i) ਮੌਲਿਕ ਕਲਾ ਕ੍ਰਿਤਾਂ ਦੀ ਘੱਟੋ-ਘੱਟ ਗਿਣਤੀ-1 (ਸਿਰਫ਼ ਨੁਮਾਇਸ਼ ਵਿੱਚ ਸ਼ਮੂਹਲੀਅਤ ਲਈ )

(ii) ਮੌਲਿਕ ਕਲਾ ਕ੍ਰਿਤਾਂ ਦੀ ਘੱਟੋ-ਘੱਟ ਗਿਣਤੀ-2 (ਕਲਾ ਪ੍ਰਤੀਯੋਗਤਾ ਲਈ)

(iii) ਮੌਲਿਕ ਕਲਾ ਕ੍ਰਿਤਾਂ ਦੀ ਵੱਧੋ-ਵੱਧ ਗਿਣਤੀ-4 (ਕਲਾ ਪ੍ਰਤੀਯੋਗਤਾ ਲਈ)

2. ਫੋਟੋਗਰਾਫਸ

(i) ਜਮ੍ਹਾਂ ਕਰਵਾਈਆਂ ਮੌਲਿਕ ਕਲਾ ਕ੍ਰਿਤਾਂ ਅਤੇ 5X7 ਇੰਚ ਦੇ ਫੋਟੋਗਰਾਫਸ

(ii) ਤਿੰਨ ਹੋਰ ਕਲਾ ਕ੍ਰਿਤਾਂ ਦੇ 8X12 ਇੰਚ ਦੇ ਫੋਟੋਗਰਾਫਸ, ਇਹ ਕਲਾ ਕ੍ਰਿਤਾਂ 2015 ਤੋਂ ਵੀ ਪੁਰਾਣੀਆਂ ਹੋ ਸਕਦੀਆਂ ਹਨ

(iii) ਸਕਲਪਚਰ ਅਤੇ ਇੰਸਟ:ਲੇਸ਼ਨ ਵਾਸਤੇ ਪ੍ਰਤੀ ਕਲਾ ਕ੍ਰਿਤ ਦੇ ਅਲੱਗ-ਅਲੱਗ ਕੋਣਾਂ ਤੋਂ ਖਿੱਚੇ ਹੋਏ 3 ਫੋਟੋਗਰਾਫ

3) ਬਾਇਓਡੇਟਾ: ਪ੍ਰਿੰਟਿਡ ਕਾਪੀ

4) ਕਲਾਕਾਰ ਦਾ ਆਪਣਾ ਪਾਸਪੋਰਟ ਸਾਈਜ਼ ਫੋਟੋਗਰਾਫ

5) ਵਿਭਾਗ ਦੇ ਮੁਖੀ ਜਾਂ ਸੰਸਥਾ ਦੇ ਪ੍ਰਿੰਸੀਪਲ ਦੁਆਰਾ ਮੋਹਰ ਸਮੇਤ ਤਸਦੀਕਸ਼ੁਦਾ ਪਹਿਚਾਣ ਪੱਤਰ ਦੀ ਕਾਪੀ (ਸਿਰਫ ਵਿਦਿਆਰਥੀਆਂ ਲਈ)।

6) ਪੈੱਨਡਰਾਈਵ/ਸੀ.ਡੀ./ਡੀ.ਵੀ.ਡੀ.

(i) ਜਮ੍ਹਾਂ ਕਰਵਾਈਆਂ ਜਾਣ ਵਾਲੀਆਂ ਕਲਾ ਕ੍ਰਿਤਾਂ ਦੇ ਹਾਈ ਰੈਜ਼ੋਲਿਊਸ਼ਨ (300 ਡੀਪੀਆਈ) ਟਿਫ (TIFF) ਫਾਰਮੈਟ ਵਿੱਚ ਡਿਜਿਟਲ ਇਮੇਜਿਜ਼

(ii) ਹਰ ਇਕ ਇਮੇਜ ਦੇ ਨਾਲ ਕਲਾਕਾਰ ਦਾ ਨਾਂ, ਕੰਮ ਦਾ ਸ਼ੀਰਸ਼ਕ, ਨਾਪ, ਮਾਧਿਅਮ, ਰਚਨਾ ਦਾ ਸਾਲ, ਕਲਾਕਾਰ ਦਾ ਪਤਾ, ਕਲਾਕਾਰ ਦਾ ਪੋਰਟਰੇਟ ਅਤੇ ਬਾਇਓਡੇਟਾ।

8) ਦਾਖ਼ਲਾ ਫੀਸ

(i) 200/- ਰੁਪਏ ਪ੍ਰਤੀ ਮੌਲਿਕ ਕਲਾ ਕ੍ਰਿਤ-ਵਿਦਿਆਰਥੀ ਸ਼ਰੇਣੀ।

(ii) 500/- ਰੁਪਏ ਪ੍ਰਤੀ ਮੌਲਿਕ ਕਲਾ ਕ੍ਰਿਤ-ਪੇਸ਼ੇਵਰ ਸ਼ਰੇਣੀ।

(iii) 5X7 ਇੰਚ ਅਤੇ 8X12 ਇੰਚ ਦੇ ਫੋਟੋਗਰਾਫਸ ਲਈ ਕੋਈ ਦਾਖ਼ਲਾ ਨਹੀਂ।